15 Nov-KHN-5,6,8,12.qxd 15-Nov-25 11:54 PM Page 2

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **16 ਨਵੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਜਗਤਾਰ ਸਿੰਘ ਖ਼** ਅਤੇ 17 **ਨਵੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਸਾਹਿਬ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **16 ਨਵੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸਾਹਿਬ ਸਿੰਘ ਤੇ ਭਾਈ ਜਗਤਾਰ ਸਿੰਘ ਖ਼** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਜਤਿੰਦਰਪਾਲ ਸਿੰਘ** ਤੇ 17 **ਨਵੰਬਰ** ਨੂੰ ਸਵੇਰੇ 3.55 ਵਜੇ ਤੋਂ 7.45 ਵਜੇ ਤੱਕ **ਭਾਈ ਸਾਹਿਬ ਸਿੰਘ ਤੇ ਭਾਈ ਗੁਰਮੇਲ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.55 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 16 ਤੇ 17 ਨਵੰਬਰ ਨੂੰ ਗਿਆਨੀ ਜਸਵੰਤ ਸਿੰਘ ਸਾਬਕਾ ਗ੍ਰੰਥੀ **ਸ੍ਰੀ ਹਰਿਮੰਦਰ ਸਾਹਿਬ**, ਗੁ: ਮੰਜੀ ਸਾਹਿਬ ਦੀਵਾਨ ਹਾਲ **ਸ੍ਰੀ ਹਰਿਮੰਦਰ ਸਾਹਿਬ ਸਮੂਹ** ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਪੁਲਿਸ ਵਿਭਾਗ ਤੋਂ ਸੇਵਾ ਮੁਕਤ ਹੋਏ ਮੁਲਾਜ਼ਮ ਹੌਲਦਾਰ ਨਾਜ਼ਰ ਸਿੰਘ ਰਾਓ ਦਹੇੜੂ ਨਮਿਤ ਸ਼ਰਧਾਂਜਲੀ ਸਮਾਰੋਹ

ਬੀਜਾ, 15 ਨਵੰਬਰ (ਕਸ਼ਮੀਰਾ ਸਿੰਘ ਬ.ਗਲੀ)-ਪੰਜਾਬ ਪੁਲਿਸ ਦੇ ਸੇਵਾ ਮੁਕਤ ਕਰਮਚਾਰੀ ਨਾਜ਼ਰ ਸਿੰਘ ਰਾਓ ਦਾ ਬੀਤੀ ਦਿਨੀਂ ਦਿਹਾਂਤ ਹੋ ਗਿਆ ਸੀ। ਸਵ. ਨਾਜ਼ਰ ਸਿੰਘ ਰਾਓ, ਅਮਰੀਕਾ ਨਿਵਾਸੀ ਹਰਭਜਨ ਸਿੰਘ, ਬਹਾਦਰ ਸਿੰਘ, ਸੁਰਮੁੱਖ ਸਿੰਘ ਦੇ ਛੋਟੇ ਭਰਾ ਸਨ। ਸਵ. ਨਾਜ਼ਰ ਸਿੰਘ ਦਾ ਉਨ੍ਹਾਂ ਦੇ ਗ੍ਰਹਿ ਪਿੰਡ ਦਹੇੜੂ ਵਿਖੇ ਸਵੇਰੇ 9 ਵਜੇ ਦੇ ਕਰੀਬ ਅੰਤਿਮ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਾਹਿਬ ਮਾਨਸਰ ਸਾਹਿਬ ਵਿਚ ਹੋਇਆ। ਇਸ ਮੌਕੇ ਭਾਈ ਮਹਿੰਦਰ ਸਿੰਘ ਦਹੇੜੂ ਦੇ ਰਾਗੀ ਜੱਥੇ ਨੇ ਵੈਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਮੌਤ ਤੇ ਜ਼ਿੰਦਗੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਮੈਂਬਰ ਤੇ ਵਿਧਾਨ ਸਭਾ ਹਲਕਾ ਖੰਨਾ ਦੇ ਆਪ ਪਾਰਟੀ ਦੇ ਸੰਗਠਨ ਇੰਚਾਰਜ ਮਾਸਟਰ ਅਵਤਾਰ ਸਿੰਘ ਦਹੇੜੂ ਨੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵਲੋਂ ਭੇਜਿਆ ਗਿਆ ਸ਼ੋਕ ਸੰਦੇਸ਼ ਪੜ੍ਹਦਿਆਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਪਰਿਵਾਰ ਵਲੋਂ ਚਰਨ ਸਿੰਘ ਕਾਹਨਪੁਰ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਗਤਾਰ ਸਿੰਘ, ਹਰਭਜਨ ਸਿੰਘ ਅਮਰੀਕਾ, ਡਾਕਟਰ ਆਈਲੇਟਸ ਦਹੇੜੂ ਦੇ ਮਾਲਕ ਰਾਜਿੰਦਰ ਸਿੰਘ ਰਾਓ, ਸੁਰਮੁੱਖ ਸਿੰਘ, ਬਹਾਦਰ ਸਿੰਘ, ਅਮਰਜੀਤ ਸਿੰਘ, ਜਗਦੀਪ ਸਿੰਘ ਰਾਓ ਨਿਊਜ਼ੀਲੈਂਡ, ਇੰਦਰਜੀਤ ਸਿੰਘ, ਕਿਰਨਦੀਪ ਕੌਰ, ਦਲਜੀਤ ਸਿੰਘ ਮਾਣਕ ਮਾਜਰਾ, ਸੰਦੀਪ ਕੌਰ, ਜਤਿੰਦਰ ਸਿੰਘ ਚਾਪੜਾ, ਗੁਰਦੇਵ ਸਿੰਘ ਚਾਪੜਾ, ਰਜਿੰਦਰਪਾਲ ਸਿੰਘ ਰਾਓ, ਜੋਗਿੰਦਰ ਸਿੰਘ ਪ੍ਰਧਾਨ, ਹਰਪ੍ਰੀਤ ਸਿੰਘ ਭੋਲਾ, ਪਾਲ ਸਿੰਘ, ਜਸਵੰਤ ਸਿੰਘ ਜੱਸੀ ਦਹੇੜੂ, ਬਾਬਾ ਮਹਿੰਦਰ ਸਿੰਘ, ਕੁਲਤਾਜ ਸਿੰਘ, ਬਲਵਿੰਦਰ ਸਿੰਘ, ਲਾਡੀ, ਮੁਖਤਿਆਰ ਸਿੰਘ, ਬਾਬਾ ਸਕਿੰਦਰ ਸਿੰਘ, ਜੱਥੇਦਾਰ ਮਨਜੀਤ ਸਿੰਘ, ਬਾਬੂ ਰਤਨ ਸਿੰਘ, ਕੇਹਰ ਸਿੰਘ ਸਾਬਕਾ ਸਰਪੰਚ, ਜੁਗਰਾਜ ਸਿੰਘ ਫੌਜੀ, ਪਿਆਰਾ ਸਿੰਘ, ਮੋਹਨ ਸਿੰਘ, ਜਗਪਾਲ ਸਿੰਘ ਫ਼ੌਜੀ, ਗੁਲਜ਼ਾਰ ਸਿੰਘ, ਜਗਪਾਲ ਸਿੰਘ ਯੋਗੀ, ਅਮਰਜੀਤ ਸਿੰਘ, ਮਾਸਟਰ ਨਛੱਤਰ ਸਿੰਘ, ਬਲਜਿੰਦਰ ਸਿੰਘ ਅਮਰੀਕਾ, ਕੁਲਵੰਤ ਸਿੰਘ ਪੋਲਾ, ਜਸਪਾਲ ਸਿੰਘ ਡੀ. ਸੀ, ਸਕਿੰਦਰ ਸਿੰਘ ਫ਼ੌਜੀ, ਹਰਿੰਦਰ ਸਿੰਘ ਨਿੰਦੀ, ਬਾਬਾ ਸੁਰਿੰਦਰ ਸਿੰਘ, ਦਿਲਪ੍ਰੀਤ ਸਿੰਘ ਮਨੂੰ, ਪਰਮਿੰਦਰ ਸਿੰਘ, ਗੁਰਮੇਲ ਸਿੰਘ, ਆਦਿ ਨੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

ਪਿੰਡ ਦਹੇੜੂ ਵਿਖੇ ਸਵ. ਨਾਜਰ ਸਿੰਘ ਰਾਓ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਮੌਕੇ ਕੈਬਿਨਟ ਮੰਤਰੀ ਸੌਂਦ ਦਾ ਸ਼ੋਕ ਸੰਦੇਸ਼ ਪੜ੍ਹਦੇ ਹੋਏ ਅਵਤਾਰ ਸਿੰਘ ਦਹੇੜੂ ਤੇ ਪਰਿਵਾਰ ਵਲੋਂ ਧੰਨਵਾਦ ਕਰਦੇ ਹੋਏ ਚਰਨ ਸਿੰਘ ਕਾਹਨਪੁਰ। ਤਸਵੀਰਾਂ .ਕਸ਼ਮੀਰਾ ਸਿੰਘ ਬ.ਗਲੀ

ਸਵ. ਨਾਜਰ ਸਿੰਘ ਰਾਓ

ਕੈਮਬ੍ਰਿਜ ਇੰਟਰਨੈਸ਼ਨਲ ਸਕੂਲ ਵਿਖੇ ਪਹੁੰਚੇ ਅਵਤਾਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਗਰੇਵਾਲ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਨਾਲ ਤਸਵੀਰ ਖਿਚਵਾਉਣ ਸਮੇਂ। ਤਸਵੀਰ : ਨਿਜ਼ਾਮਪੁਰ

ਕੈਮਬ੍ਰਿਜ ਇੰਟਰਨੈਸ਼ਨਲ ਸਕੂਲ ਪਾਇਲ ਵਿਚ ਕੈਨੇਡਾ ਦੇ ਸਾਬਕਾ ਪਾਰਲੀਮੈਂਟ ਮੈਂਬਰ ਰਾਜ ਗਰੇਵਾਲ ਦੇ ਪਿਤਾ ਅਤੇ ਚਾਚਾ ਪੁੱਜੇ

ਪਾਇਲ, 15 ਨਵੰਬਰ (ਨਿਜ਼ਾਮਪੁਰ)-ਕੈਮਬ੍ਰਿਜ ਇੰਟਰਨੈਸ਼ਨਲ ਸਕੂਲ ਪਾਇਲ ਦੇ ਵਿਹੜੇ ਵਿੱਚ ਸਰਾਭਾ ਨਗਰ ਦੇ ਜੰਮਪਲ ਤੇ ਹੁਣ ਕੈਨੇਡਾ ਵਿਚ ਰਹਿਦੇ ਉੱਘੇ ਬਿਜ਼ਨਸਮੈਨ ਤੇ ਸਾਬਕ ਪਾਰਲੀਮੈਂਟ ਮੈਂਬਰ ਰਾਜ ਗਰੇਵਾਲ ਦੇ ਪਿਤਾ ਅਵਤਾਰ ਸਿੰਘ ਗਰੇਵਾਲ ਤੇ ਇੰਦਰਜੀਤ ਸਿੰਘ ਗਰੇਵਾਲ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਵਾਸਤੇ ਸਕੂਲ ਪਹੁੰਚੇ। ਅਵਤਾਰ ਸਿੰਘ ਗਰੇਵਾਲ ਨੂੰ ਸਕੂਲ ਦੇ ਚੇਅਰਮੈਨ ਪ੍ਰੋ. ਭੁਪਿੰਦਰ ਸਿੰਘ ਚੀਮਾ ਨੇ ਜੀ ਆਇਆਂ ਨੂੰ ਕਿਹਾ ਅਤੇ ਉਨ੍ਹਾਂ ਦੀ ਜੀਵਨੀ ਬਾਰੇ ਸਾਰੇ ਸਟਾਫ਼ ਅਤੇ ਬੱਚਿਆਂ ਨੂੰ ਦੱਸਿਆ। ਇਸ ਮੌਕੇ ਗਰੇਵਾਲ ਨੇ ਆਪਣੀ ਜ਼ਿੰਦਗੀ ਬਾਰੇ ਕੰਮਕਾਰ ਬਾਰੇ ਤੇ ਮਿਹਨਤ ਬਾਰੇ ਸਾਰੇ ਸਟਾਫ਼ ਤੇ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ । ਇਸ ਮੌਕੇ ਉਨ੍ਹਾਂ ਨੇ ਸਕੂਲ ਦੇ ਬੱਚਿਆਂ ਨੂੰ ਗਰੇਵਾਲ ਪਰਿਵਾਰ ਵਾਂਗ ਮਿਹਨਤ ਤੇ ਇਮਾਨਦਾਰ ਜ਼ਿੰਦਗੀ ਬਣਾਉਣ ਲਈ ਕਿਹਾ। ਇਸ ਮੌਕੇ ਸੁਖਵਿੰਦਰ ਕੌਰ ਚੀਮਾ, ਹਰਸਿਮਰ ਚੀਮਾ, ਪ੍ਰਿੰਸੀਪਲ ਅਨੂੰ ਸ਼ਰਮਾ, ਰਿਪੁਦਮਨ ਸਿੰਘ ਚੀਮਾ, ਹਰੀਰਾਜ ਸਿੰਘ ਚੀਮਾ, ਕੁਲਜੀਤ ਸਿੰਘ ਚੀਮਾਂ, ਸਪਿੰਦਰ ਸਿੰਘ ਝੱਜ, ਪਰਮਜੀਤ ਸਿੰਘ, ਪ੍ਰਭਜੋਤ ਕੌਰ, ਸਿਮਰਨਦੀਪ ਕੌਰ, ਅਨਮੋਲਦੀਪ ਕੌਰ, ਨਵਜੋਤ ਕੌਰ, ਨੇਹਾ, ਮਨਦੀਪ ਕੌਰ ਆਦਿ ਹਾਜ਼ਰ ਸਨ।

ਜਨਮ ਦਿਨ ਮੁਬਾਰਕ

ਮੇਹਰ ਕੌਰ
ਪਿਤਾ : ਪ੍ਰਗਟ ਸਿੰਘ,
ਮਾਤਾ : ਹਰਦੀਪ ਕੌਰ,
ਵਾਸੀ : ਕਰੌਦੀਆਂ।

ਵਿਦਿਆਰਥੀ ਸੁਰਖ਼ਾਬ ਪ੍ਰਿੰਸੀਪਲ ਸੂਜ਼ੀ ਜਾਰਜ ਨਾਲ। ਤਸਵੀਰ : ਸੋਨੀ ਗਿੱਲ

ਨੌਜਵਾਨ ਕਵੀ ਸੁਰਖ਼ਾਬ ਦੀ ਕਿਤਾਬ 'ਵੈਤਰਨੀ' ਲਾਂਚ

ਖੰਨਾ, 13 ਨਵੰਬਰ (ਹਰਜਿੰਦਰ ਸਿੰਘ ਲਾਲ)-ਗ੍ਰੀਨ ਗਰੋਵ ਪਬਲਿਕ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਅਤੇ ਪਿੰਡ ਘੁੜਾਣੀ ਕਲਾਂ (ਲੁਧਿਆਣਾ) ਦੇ ਵਸਨੀਕ ਨੌਜਵਾਨ ਕਵੀ ਸੁਰਖਾਬ ਦੁਆਰਾ ਲਿਖੀ ਗਈ ਕਵਿਤਾ ਪੁਸਤਕ 'ਵੈਤਰਨੀ' ਨੂੰ ਰਸਮੀ ਤੌਰ 'ਤੇ ਅਕੈਡਮੀ ਆਫ਼ ਫਾਈਨ ਆਰਟਸ ਐਂਡ ਲਿਟਰੇਚਰ, ਨਵੀਂ ਦਿੱਲੀ ਵਿਖੇ ਕਰਵਾਏ 66ਵੇਂ ਸਾਰਕ ਫੋਸਵਾਲ ਸਾਹਿਤ ਉਤਸਵ ਵਿਚ ਲਾਂਚ ਕੀਤਾ ਗਿਆ। ਸਚਲ ਪ੍ਰਕਾਸ਼ਨ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ, ਇਸ ਕਿਤਾਬ ਵਿੱਚ 100 ਕਵਿਤਾਵਾਂ ਹਨ ਅਤੇ ਇਸ ਨੂੰ ਪਹਿਲਾਂ ਹੀ ਪ੍ਰਸਿੱਧ ਲੇਖਕਾਂ ਅਤੇ ਆਲੋਚਕਾਂ ਵੱਲੋਂ ਪ੍ਰਸ਼ੰਸਾ ਮਿਲ ਚੁੱਕੀ ਹੈ। ਇਸ ਸਮਾਗਮ ਵਿਚ ਪ੍ਰਸਿੱਧ ਸਾਹਿਤਕ ਅਤੇ ਕਲਾਤਮਕ ਸ਼ਖਸੀਅਤਾਂ ਸ਼ਾਮਲ ਸਨ, ਜਿਨ੍ਹਾਂ ਵਿਚ ਪਦਮ ਸ਼੍ਰੀ ਅਜੀਤ ਕੌਰ, ਜਿਨ੍ਹਾਂ ਨੇ ਕਿਤਾਬ ਦੀ ਜਾਣ-ਪਛਾਣ ਵੀ ਲਿਖੀ ਹੈ, ਸ਼੍ਰੀਲੰਕਾ ਦੇ ਹਾਈ ਕਮਿਸ਼ਨਰ ਮਹਾਸਿਨੀ ਕੋਲੋਨ, ਸਾਬਕਾ ਸਾਹਿਤ ਅਕਾਦਮੀ ਸਕੱਤਰ ਡਾ. ਕੇ.ਐਸ. ਰਾਓ, ਚਿੱਤਰਕਾਰ ਅਰਪਨਾ ਕੌਰ, ਹਿੰਦੀ ਕਵਿਤਰੀ ਅਨਾਮਿਕਾ, ਡਾ. ਵਨੀਤਾ ਅਤੇ ਕਈ ਹੋਰ ਪ੍ਰਸਿੱਧ ਸ਼ਖ਼ਸੀਅਤਾਂ ਸ਼ਾਮਲ ਸਨ। ਸੁਰਖ਼ਾਬ ਦੇ ਪਿਤਾ ਅਤੇ ਲੁਧਿਆਣਾ ਦੇ ਭਾਸ਼ਾ ਅਧਿਕਾਰੀ ਡਾ. ਸੰਦੀਪ ਸ਼ਰਮਾ ਨੇ ਸਾਂਝਾ ਕੀਤਾ ਕਿ ਨੌਜਵਾਨ ਕਵੀ ਦਾ ਸਾਹਿਤ ਵਿੱਚ ਸਫ਼ਰ ਕਲਾ, ਰੰਗਾਂ ਅਤੇ ਕਲਪਨਾ ਵਿੱਚ ਉਸਦੀ ਡੂੰਘੀ ਦਿਲਚਸਪੀ ਤੋਂ ਸ਼ੁਰੂ ਹੋਇਆ - ਇਹ ਪ੍ਰਭਾਵ ਉਸ ਦੀ ਕਾਵਿਕ ਪ੍ਰਗਟਾਵੇ ਵਿਚੋਂ ਵੀ ਝਲਕਦਾ ਹੈ। ਸਕੂਲ ਦੇ ਪ੍ਰਧਾਨ ਜੇ. ਪੀ. ਐਸ ਜੌਲੀ ਚੇਅਰਪਰਸਨ ਸਤਿੰਦਰਜੀਤ ਜੌਲੀ ਉਪ ਪ੍ਰਧਾਨ ਨਵਰਾ ਜੌਲੀ ਅਤੇ ਪ੍ਰਿੰਸੀਪਲ ਸੂਜ਼ੀ ਜਾਰਜ ਨੇ ਨੌਜਵਾਨ ਅਤੇ ਉਭਰਦੇ ਕਵੀ ਸੁਰਖ਼ਾਬ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।

ਚੋਣਾਂ ਤੋਂ ਪਹਿਲਾਂ ਵਕੀਲ ਭਾਈਚਾਰੇ ਨਾਲ ਕੀਤੇ ਵਾਅਦੇ ਪੂਰੇ ਕਰੇ ਸਰਕਾਰ-ਐਡਵੋਕੇਟ ਮਿੱਠੇਵਾਲ

ਮਾਛੀਵਾੜਾ ਸਾਹਿਬ, 15 ਨਵੰਬਰ (ਰਾਜਦੀਪ ਸਿੰਘ ਅਲਬੇਲਾ)-2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵਕੀਲ ਭਾਈਚਾਰੇ ਨਾਲ ਜੋ ਵਾਅਦੇ ਕੀਤੇ ਸੀ, ਉਹ ਪੂਰੇ ਕੀਤੇ ਜਾਣ ਕਿਉਂਕਿ ਉਨ੍ਹਾਂ ਨੂੰ ਸਰਕਾਰ ਤੋਂ ਬਹੁਤ ਆਸਾਂ ਹਨ । ਉਕਤ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਲੀਗਲ ਸੈੱਲ ਦੇ ਪੰਜਾਬ ਦੇ ਜਨਰਲ ਸੈਕਟਰੀ ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ ਨੇ ਕਰਦੇ ਕਿਹਾ ਕਿ 'ਆਪ' ਸੁਪਰੀਮੋ ਨੇ ਅੰਮ੍ਰਿਤਸਰ ਵਿਚ ਇਕ ਰੈਲੀ ਦੌਰਾਨ ਵਕੀਲ ਭਾਈਚਾਰੇ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਣ ਤੋਂ ਬਾਅਦ ਅਸੀਂ ਵਕੀਲਾਂ ਨੂੰ ਨਵੇਂ ਚੈਂਬਰ, ਸਿਹਤ ਬੀਮਾ ਅਤੇ ਜੀਵਨ ਬੀਮਾ ਯੋਜਨਾ ਤਹਿਤ ਲੈ ਕੇ ਆਵਾਂਗੇ, ਜੋ ਅਜੇ ਤੱਕ ਪੂਰਾ ਨਹੀਂ ਕੀਤਾ ।

ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ

ਸਮਾਗਮਾਂ ਦੌਰਾਨ ਸੰਗਤਾਂ ਨਾਲ ਸੰਤ ਸੁਖਦੇਵ ਸਿੰਘ ਅਤੇ ਸੰਤ ਬੇਅੰਤ ਸਿੰਘ ਨਿਰਮਲ ਡੇਰਾ ਬੇਰ ਲੰਗਰਾਂ ਵਾਲੇ। ਤਸਵੀਰ : ਸਹਾਰਨ ਮਾਜਰਾ

ਨਿਰਮਲ ਡੇਰਾ ਬੇਰ ਕਲਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਏ

ਮਲੌਦ, 15 ਨਵੰਬਰ (ਸਹਾਰਨ ਮਾਜਰਾ)-ਨਿਰਮਲ ਡੇਰਾ ਬੇਰ ਕਲਾ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖ਼ੁਸ਼ੀਆਂ ਵਿਚ ਵਿਸ਼ਾਲ ਸਮਾਗਮ ਕੀਤੇ ਗਏ। ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਬਾਬਾ ਸੁਖਦੇਵ ਸਿੰਘ ਹੇਮਕੁੰਟ ਸਾਹਿਬ ਲੰਗਰ ਅਸਥਾਨ ਨਗਰਾਸੂ ਵਾਲਿਆਂ ਵਲੋਂ ਸਮੁੱਚੀ ਮਾਨਵਤਾ ਨੂੰ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਦਿੱਤੀਆਂ। ਜਿਸ ਦੀ ਰੁਸ਼ਨਾਈ ਹੇਠ ਅੱਜ ਸਮੁੱਚੀ ਮਾਨਵਤਾ ਜੀਵਨ ਬਤੀਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਸਮਾਜ ਵਿਚੋਂ ਉਚ ਨੀਚ ਅਤੇ ਜਾਤ ਪਾਤ ਦੇ ਭੁਲੇਖੇ ਦੂਰ ਕੀਤੇ। ਸਾਰੇ ਸਮਾਜ ਵਿਚ ਸਮਾਨਤਾ ਦਾ ਹੋਕਾ ਦਿੱਤਾ। ਸੰਤ ਬੇਰ ਕਲਾਂ ਨੇ ਕਿਹਾ ਕਿ ਆਓ ਗੁਰੂ ਨਾਨਕ ਸਾਹਿਬ ਜੀ ਦੇ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਸੰਦੇਸ਼ ਤੇ ਪੂਰਨ ਤੌਰ 'ਤੇ ਅਮਲ ਕਰਦਿਆਂ ਆਪਣੇ ਜੀਵਨ ਨੂੰ ਸੁਚੱਜਾ ਬਣਾਈਏ। ਇਸੇ ਤਰ੍ਹਾਂ ਸੰਤ ਬੇਅੰਤ ਸਿੰਘ ਬੇਰ ਕਲਾਂ ਲੰਗਰ ਅਸਥਾਨ ਨਗਰਾਸੂ ਕਾਰ ਸੇਵਾ ਵਾਲਿਆਂ ਵਲੋਂ ਮੱਧ ਪ੍ਰਦੇਸ਼ ਦੇ ਅਸ਼ੋਕ ਨਗਰ ਵਿਖੇ ਵੱਖ ਵੱਖ ਗੁਰੂ ਘਰਾਂ ਵਿਚ ਚੱਲ ਰਹੇ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀਆਂ ਭਰੀਆਂ ਅਤੇ ਕਥਾ ਕੀਰਤਨ ਦੀ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਨਾਲ ਜੋੜਿਆ। ਇਸ ਮੌਕੇ ਭਾਈ ਸਵਰਨਜੀਤ ਸਿੰਘ ਸੋਨੀ ਬੇਰ ਕਲਾਂ, ਬਾਬਾ ਗੁਰਪ੍ਰੀਤ ਸਿੰਘ ਸਿਹੋੜਾ, ਭਾਈ ਵਾਹਿਗੁਰੂ ਸਿੰਘ, ਭੋਲਾ ਸਿੰਘ ਬਾਬਰਪੁਰ, ਜਗਦੇਵ ਸਿੰਘ ਫ਼ੌਜੀ, ਰਾਜਵੰਤ ਸਿੰਘ ਲਟੌਰ, ਮਨੀ ਸਿੰਘ, ਸਤਿਨਾਮ ਸਿੰਘ, ਹਿੰਮਤ ਸਿੰਘ, ਨਿਰਮਲ ਸਿੰਘ, ਨਿਰਭੈ ਸਿੰਘ, ਪਿਡ ਬੇਰ ਕਲਾ ਦੀਆ ਸੰਗਤਾਂ, ਫ਼ੌਜੀ ਗੁਰਚਰਨ ਸਿੰਘ ਕੋਲੂਆ, ਬਿੱਟੂ ਸਿੰਘ, ਸੁਖਵਿੰਦਰ ਸਿੰਘ, ਸਵਰਨ ਸਿੰਘ ਹੌਲਦਾਰ ਕੋਲੂਆ, ਸੋਨੂੰ ਸਿੰਘ ਬਰਖੇੜਾ, ਸੁਖਜੀਤ ਸਿੰਘ ਬਰੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਤੇ ਪਤਵੰਤੇ ਹਾਜ਼ਰ ਹੋਏ।

ਬਾਲ ਦਿਵਸ ਮੌਕੇ ਸਾਹਨੇਵਾਲ ਦੇ ਪੁਰਾਣਾ ਬਾਜ਼ਾਰ ਵਿਖੇ ਬੱਚਿਆਂ ਨੂੰ ਟਾਫੀਆਂ ਵੰਡਦੇ ਹੋਏ ਸਮਾਜ ਸੇਵੀ ਸ਼ਸ਼ੀਕਾਂਤ। ਤਸਵੀਰ ਅਤੇ ਵੇਰਵਾ : ਹਨੀ

ਇੰਜਨੀਅਰ ਜਗਦੇਵ ਸਿੰਘ ਬੋਪਾਰਾਏ, ਬਿਕਰਮਜੀਤ ਸਿੰਘ ਖ਼ਾਲਸਾ ਅਤੇ ਜਥੇਦਾਰ ਮਨਜੀਤ ਸਿੰਘ ਮਦਨੀਪੁਰ

ਜ਼ਿਮਨੀ ਚੋਣ ਦਾ ਨਤੀਜਾ ਲੋਕਾਂ ਦੀ ਜਾਗਰੂਕ ਸੋਚ ਦਾ ਪ੍ਰਗਟਾਵਾ- ਬੋਪਾਰਾਏ/ਖਾਲਸਾ/ਮਦਨੀਪੁਰ

ਰਾੜਾ ਸਾਹਿਬ, 15 ਨਵੰਬਰ (ਪ੍ਰੀਤਮ ਸਿੰਘ ਮੁਕੰਦਪੁਰੀ)-ਇੰਜੀਨੀਅਰ ਜਗਦੇਵ ਸਿੰਘ ਬੋਪਾਰਾਏ ਕੌਮੀ ਮੀਤ ਪ੍ਰਧਾਨ, ਬਿਕਰਮਜੀਤ ਸਿੰਘ ਖ਼ਾਲਸਾ ਇੰਚਾਰਜ ਲੋਕ ਸਭਾ ਹਲਕਾ ਸ੍ਰੀ ਫ਼ਤਿਹਗੜ੍ਹ ਸਾਹਿਬ ਅਤੇ ਜਥੇਦਾਰ ਮਨਜੀਤ ਸਿੰਘ ਮਦਨੀਪੁਰ ਇੰਚਾਰਜ ਹਲਕਾ ਪਾਇਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਤਰਨਤਾਰਨ ਜ਼ਿਮਨੀ ਚੋਣ ਦਾ ਨਤੀਜਾ ਹੌਸਲਾ ਬਖ਼ਸ਼